ਇਸਤਿਹਾਰ ਨੰ: 01 ਆਫ 2021

## ਪੰਜਾਬ ਵਿਧਾਨ ਸਭਾ ਸਕੱਤਰੇਤ

ਟੈਲੀਫੋਨ ਓਪਰੇਟਰ ਦੀ ਇਕ ਆਸਾਮੀ ਲਈ ਨਿਰਧਾਰਤ ਪ੍ਰੋਫਾਰਮੇ ਤੇ ਅਰਜ਼ੀਆਂ ਮੰਗੀਆਂ ਜਾਂਦੀਆਂ ਹਨ, ਜੋ ਸਕੱਤਰ, ਪੰਜਾਬ ਵਿਧਾਨ ਸਭਾ, ਚੰਡੀਗੜ੍ਹ-160001 ਪਾਸ ਮਿਤੀ 30.06.2021 (ਸ਼ਾਮ 5.00 ਵਜੇ) ਤੱਕ ਪਹੁੰਚ ਜਾਣੀਆਂ ਚਾਹੀਦੀਆਂ ਹਨ। ਸਰਕਾਰੀ ਕਰਮਚਾਰੀ ਆਪਣੀਆਂ ਅਰਜ਼ੀਆਂ ਯੋਗ ਪ੍ਰਣਾਲੀ ਰਾਹੀਂ ਭੇਜਣ, ਪਰੰਤੂ ਅਗੇਤੀ ਕਾਪੀ ਅੰਤਿਮ ਮਿਤੀ ਤੋਂ ਪਹਿਲਾਂ ਭੇਜੀ ਜਾਵੇ। ਆਖਰੀ ਤਰੀਕ ਤੋਂ ਬਾਅਦ ਪ੍ਰਾਪਤ ਹੋਈਆਂ ਅਰਜ਼ੀਆਂ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ।

ਉਮੀਦਵਾਰ ਦੀ ਵਿੱਦਿਅਕ ਯੋਗਤਾ 10+2 ਹੋਵੇ। ਮੈਟ੍ਰਿਕ ਪੱਧਰ ਤੱਕ ਪੰਜਾਬੀ ਪਾਸ ਹੋਣਾ ਲਾਜ਼ਮੀ ਹੈ। ਜਿਸ ਕੋਲ PABX/PBX ਤੇ ਕੰਮ ਕਰਨ ਦਾ ਇੱਕ ਸਾਲ ਦਾ ਤਜਰਬਾ ਹੋਵੇਗਾ ਉਸ ਨੂੰ ਪਹਿਲ ਦਿੱਤੀ ਜਾਵੇਗੀ। ਇਸ ਅਸਾਮੀ ਦਾ ਤਨਖਾਹ ਸਕੇਲ ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਮਿਲਣਯੋਗ ਹੈ।

ਇਸ ਆਸਾਮੀ ਵਾਸਤੇ ਅਰਜ਼ੀ ਫੀਸ ਜਨਰਲ ਸ਼੍ਰੇਣੀ ਲਈ 200/- ਰੁਪਏ ਅਤੇ ਪੰਜਾਬ ਰਾਜ ਦੇ ਵਸਨੀਕ ਐਸ.ਸੀ. ਅਤੇ ਬੀ.ਸੀ. ਨਾਲ ਸਬੰਧਤ ਪ੍ਰਾਰਥੀ ਲਈ 100/- ਰੁਪਏ ਨਾ ਮੋੜਨਯੋਗ ਹੈ, ਜੋ ਕੇਵਲ ਇੰਡੀਅਨ ਪੋਸਟਲ ਆਰਡਰ ਦੇ ਰੂਪ ਵਿੱਚ ਸਕੱਤਰ, ਪੰਜਾਬ ਵਿਧਾਨ ਸਭਾ ਚੰਡੀਗੜ੍ਹ ਦੇ ਨਾਂ ਤੇ ਹੋਵੇ। ਫੀਸ ਦੀ ਛੋਟ ਸਿਰਫ ਪੰਜਾਬ ਰਾਜ ਦੇ ਵਸਨੀਕ ਵਜੋਂ ਐਸ.ਸੀ./ਬੀ.ਸੀ. ਆਦਿ ਪ੍ਰਾਰਥੀਆਂ ਨੂੰ ਹੀ ਮਿਲਣਯੋਗ ਹੈ। ਸਬੂਤ ਵਜੋਂ ਪੰਜਾਬ ਸਰਕਾਰ ਦੁਆਰਾ ਜਾਰੀ ਸਬੰਧਤ ਸਰਟੀਫਿਕੇਟ ਨਾਲ ਨੱਥੀ ਕੀਤਾ ਜਾਵੇ। ਬਿਨਾਂ ਫੀਸ/ਘੱਟ ਫੀਸ ਅਰਜ਼ੀਆਂ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ। ਮਿਤੀ 01.01.2021 ਨੂੰ ਉਮੀਦਵਾਰਾਂ ਦੀ ਉਮਰ 18 ਸਾਲ ਤੋਂ ਘੱਟ ਅਤੇ 37 ਸਾਲ ਤੋਂ ਵੱਧ ਨਹੀਂ ਹੋਣੀ ਚਾਹੀਦੀ। ਚੁਣੇ ਗਏ ਉਮੀਦਵਾਰ ਨੂੰ ਪੰਜਾਬ ਸਰਕਾਰ ਦੇ ਪੱਤਰ ਨੰ: 7/204/2012-4 ਐਫ.ਪੀ.-1/66 ਮਿਤੀ 15.01.2015, ਪੱਤਰ ਨੰ: 7/42/2020-5FP I/741, ਮਿਤੀ 17/07/2020 ਅਤੇ ਸਰਕਾਰ ਵੱਲੋਂ ਸਮੇਂ-ਸਮੇਂ ਜਾਰੀ ਹਦਾਇਤਾਂ ਵਿੱਚ ਕੀਤੇ ਉਪਬੰਧਾਂ ਤਹਿਤ ਤਨਖਾਹ ਦਿੱਤੀ ਜਾਵੇਗੀ। ਪ੍ਰਾਰਥੀਆਂ ਦੀ ਗਿਣਤੀ ਦੇ ਮੱਦੇਨਜਰ ਸਮਰੱਥ ਅਧਿਕਾਰੀ ਦੁਆਰਾ ਕੋਈ ਵੀ ਸਿਲੈਕਸ਼ਨ ਕ੍ਰਾਈਟੇਰੀਆ ਅਪਣਾਇਆ ਜਾ ਸਕਦਾ ਹੈ, ਜਿਸ ਵਿਚ ਲਿਖਤੀ ਪ੍ਰੀਖਿਆ/ਇੰਟਰਵਿਊ ਆਦਿ ਵੀ ਸ਼ਾਮਿਲ ਕੀਤੀ ਜਾ ਸਕਦੀ ਹੈ।

### ਜਰੂਰੀ ਹਦਾਇਤਾਂ

1. ਆਸਾਮੀ ਦਾ ਨਾਂ ਲਿਫਾਫੇ ਉਪਰ ਲਿਖਿਆ ਜਾਵੇ।
2. ਡਾਕ ਦੀ ਦੇਰੀ ਲਈ ਦਫਤਰ ਦੀ ਜਿੰਮੇਵਾਰੀ ਨਹੀਂ ਹੋਵੇਗੀ ਅਤੇ ਅਧੂਰੀ/ਬਿਨਾ ਹਸਤਾਖਰ/ਬਿਨਾ ਫੀਸ ਅਤੇ ਅਯੋਗ ਉਮੀਦਵਾਰ ਦੀ ਅਰਜ਼ੀ ਬਿਨਾਂ ਕਿਸੇ ਨੋਟਿਸ ਰੱਦ ਸਮਝੀ ਜਾਵੇਗੀ।
3. ਆਸਾਮੀ ਦੀ ਗਿਣਤੀ ਘੱਟ/ਵੱਧ ਸਕਦੀ ਹੈ।
4. ਫੀਸ ਕੇਵਲ ਆਈ.ਪੀ.ਓ. ਦੇ ਰੂਪ ਵਿਚ ਹੀ ਭੇਜੀ ਜਾਵੇ ਅਤੇ ਆਈ.ਪੀ.ਓ. ਦੇ ਪਿੱਛੇ ਉਮੀਦਵਾਰ ਆਪਣਾ ਨਾਮ, ਪਿਤਾ ਦਾ ਨਾਮ ਅਤੇ ਮੋਬਾਈਲ ਨੰਬਰ ਜ਼ਰੂਰ ਲਿਖਣ।
5. ਇਸ ਇਸ਼ਤਿਹਾਰ ਸਬੰਧੀ ਕਿਸੇ ਕਿਸਮ ਦੀ ਸੋਧ, ਨਿਯੁਕਤੀ ਸਬੰਧੀ ਅਗਲੀ ਕਾਰਵਾਈ, ਰੋਲ ਨੰਬਰ ਜਾਰੀ ਕਰਨਾ, ਲਿਖਤੀ ਪ੍ਰੀਖਿਆ/ਇੰਟਰਵਿਊ ਦੀ ਸੂਚਨਾ ਪੰਜਾਬ ਵਿਧਾਨ ਸਭਾ ਦੀ ਵੈੱਬਸਾਈਟ www.punjabassembly.nic.in ਤੇ ਦੇਖੀ ਜਾ ਸਕੇਗੀ।ਉਮੀਦਵਾਰ ਰੈਗੂਲਰ ਚੈੱਕ ਕਰਦੇ ਰਹਿਣ।
6. ਉਮੀਦਵਾਰ ਆਪਣੇ ਸਹੀ ਅਤੇ ਮੁਕੰਮਲ ਵੇਰਵੇ ਅਰਜ਼ੀ ਫਾਰਮ ਵਿੱਚ ਦੇਵੇਗਾ, ਜਿਸ ਦੀ ਅਸਲੀਅਤ ਲਈ ਉਹ ਖੁਦ ਜ਼ਿੰਮੇਵਾਰ ਹੋਵੇਗਾ। ਅਗਰ ਕੋਈ ਸੂਚਨਾ ਕਿਸੇ ਵੀ ਪੜਾਅ ਤੇ ਗਲਤ ਸਾਬਤ ਹੁੰਦੀ ਹੈ ਤਾਂ ਉਸ ਦੀ ਉਮੀਦਵਾਰੀ ਰੱਦ ਕੀਤੀ ਜਾ ਸਕਦੀ ਹੈ।
7. ਇਸ ਇਸ਼ਤਿਹਾਰ ਨੂੰ ਕਿਸੇ ਵੀ ਸਮੇਂ ਰੱਦ ਕਰਨ ਦਾ ਅਧਿਕਾਰ ਸਭਾ ਸਕੱਤਰੇਤ ਪਾਸ ਰਾਖਵਾਂ ਹੋਵੇਗਾ।
8. ਵਿੱਦਿਅਕ ਯੋਗਤਾ ਦੇ ਦਸਤਾਵੇਜ਼ ਪ੍ਰਤੀਬੇਨਤੀ ਨਾਲ ਨੱਥੀ ਨਾ ਕੀਤੇ ਜਾਣ। ਅਰਜ਼ੀ ਵਿੱਚ ਦਿੱਤੇ ਵੇਰਵਿਆਂ ਦੀ ਦਰੁਸਤੀ ਸਬੰਧੀ ਉਮੀਦਵਾਰ ਖੁਦ ਜ਼ਿੰਮੇਵਾਰ ਹੋਵੇਗਾ।
9. ਲਿਖਤੀ ਪ੍ਰੀਖਿਆ/ਇੰਟਰਵਿਊ ਮਿਤੀ 3/4 ਜੁਲਾਈ ਨੂੰ ਲਈ ਜਾ ਸਕਦੀ ਹੈ, ਪ੍ਰੰਤੂ ਨਾ ਟਾਲਣਯੋਗ ਕਾਰਨਾਂ ਕਰਕੇ ਮਿਤੀ ਬਦਲੀ ਜਾ ਸਕਦੀ ਹੈ।

ਮਿਤੀ: 22/06/2021

ਅਧੀਨ ਸਕੱਤਰ
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ।

(ਵਿੱਦਿਅਕ ਯੋਗਤਾ ਦੇ ਦਸਤਾਵੇਜ਼ ਨਾਲ ਨੱਥੀ ਨਾ ਕੀਤੇ ਜਾਣ।)

## ਪ੍ਰੋਫਾਰਮਾ

1. ਆਸਾਮੀ ਦਾ ਨਾਂ : ____________________

2. ਬਿਨੇਕਾਰ ਦਾ ਨਾਂ : ____________________
(ਸਕੂਲ ਸਰਟੀਫਿਕੇਟ ਅਨੁਸਾਰ)

ਸਵੈ-ਤਸਦੀਕਸ਼ੁਦਾ ਤਾਜ਼ਾ ਫੋਟੋ

3. ਪਿਤਾ ਦਾ ਨਾਂ : ____________________
(ਸਕੂਲ ਸਰਟੀਫਿਕੇਟ ਅਨੁਸਾਰ)

4. ਜਨਮ ਮਿਤੀ (ਸਕੂਲ ਸਰਟੀਫਿਕੇਟ ਅਨੁਸਾਰ) i): ____________________
ii) ਉਮਰ : ਸਾਲ______ ਮਹੀਨੇ______ ਦਿਨ______

5. ਲਿੰਗ : ____________________

6. ਕੌਮੀਅਤ : ____________________

7. ਪੱਤਰ ਵਿਹਾਰ ਦਾ ਪਤਾ : ____________________
____________________

8. ਪੱਕਾ ਪਤਾ: ____________________
____________________

9. ਮੋਬਾਈਲ ਨੰਬਰ ਅਤੇ ਲੈਂਡ ਲਾਈਨ ਨੰਬਰ ਜੇਕਰ ਕੋਈ ਹੈ:____________________

10. ਵਿੱਦਿਅਕ ਯੋਗਤਾ (**10ਵੀਂ** ਤੋਂ ਆਰੰਭ ਕਰਦਿਆਂ):

| ਵਿੱਦਿਅਕ ਯੋਗਤਾ | ਪਾਸ ਕਰਨ ਦਾ ਸਾਲ | ਪ੍ਰਾਪਤ ਕੀਤੇ ਅੰਕ | ਕੁੱਲ ਅੰਕ | ਪ੍ਰਤੀਸ਼ਤਤਾ | ਡਿਵੀਜ਼ਨ | ਬੋਰਡ/ਯੂਨੀਵਰਸਿਟੀ | ਵਿਸ਼ਾ |
|---|---|---|---|---|---|---|---|
| | | | | | | | |
| | | | | | | | |
| | | | | | | | |
| | | | | | | | |

11. ਤਜ਼ਰਬਾ, ਜੇਕਰ ਕੋਈ ਹੋਵੇ : ਦਫ਼ਤਰ ਦਾ ਨਾਂ__________ ਅਸਾਮੀ__________ ਮਿਤੀ________ ਤੋਂ ______ਤੱਕ
(ਲੋੜ ਅਨੁਸਾਰ ਵੱਖਰੀ ਸ਼ੀਟ ਲਗਾਈ ਜਾਵੇ)

12. ਕੀ ਦਸਵੀਂ ਪੰਜਾਬੀ ਪੱਧਰ ਤੱਕ ਪਾਸ ਕੀਤੀ ਹੈ? ________

13. ਕਿਸ ਸ਼੍ਰੇਣੀ ਨਾਲ ਸਬੰਧਤ (ਲਿਖਿਆ ਜਾਵੇ): ਪੰਜਾਬ ਐਸ.ਸੀ./ਐਸ.ਟੀ./ਬੀ.ਸੀ./ਜਾਂ ਜਨਰਲ__________
(ਫੀਸ ਵਿਚ ਛੋਟ ਲਈ ਸਬੰਧਤ ਸਰਟੀਫਿਕੇਟ ਨਾਲ ਨੱਥੀ ਕੀਤਾ ਜਾਵੇ)

14. ਕੋਈ ਹੋਰ ਸੂਚਨਾ ਜੋ ਬਿਨੈਕਾਰ ਜ਼ਰੂਰੀ ਸਮਝੇ: ____________________

15. ਫੀਸ ਦਾ ਵੇਰਵਾ : **I.P.O No.** ______________ ਮਿਤੀ______/06/2021 ਰਕਮ __________ ਡਾਕਖਾਨਾ __________

ਸਥਾਨ:
ਮਿਤੀ:

(ਬਿਨੈਕਾਰ ਦੇ ਹਸਤਾਖਰ)

## ਘੋਸ਼ਣਾ

ਮੈਂ ____________ ਪੁੱਤਰ/ਪੁੱਤਰੀ ______________ ਇਹ ਘੋਸ਼ਣਾ ਕਰਦਾ/ਕਰਦੀ ਹਾਂ ਕਿ ਮੇਰੇ ਵਲੋਂ ਦਿੱਤੇ ਗਏ ਉਪਰੋਕਤ ਵਿਵਰਣ ਮੇਰੀ ਜਾਣਕਾਰੀ ਮੁਤਾਬਿਕ ਸਹੀ ਅਤੇ ਦਰੁਸਤ ਹਨ ਅਤੇ ਇਹਨਾਂ ਬਾਰੇ ਕੋਈ ਵੀ ਤੱਥ ਛੁਪਾਇਆ ਨਹੀਂ ਗਿਆ ਹੈ। ਮੈਂ ਸਾਰੀਆਂ ਹਦਾਇਤਾਂ ਪੜ੍ਹੀਆਂ ਹਨ। ਮੈਂ ਹੋਰ ਵੀ ਘੋਸ਼ਣਾ ਕਰਦਾ/ਕਰਦੀ ਹਾਂ ਕਿ ਉਪਰੋਕਤ ਦਿੱਤੇ ਗਏ ਕਿਸੇ ਵੀ ਵਿਵਰਣ/ਸੂਚਨਾ ਦੇ ਕਿਸੇ ਪੜਾਅ ਤੇ ਗਲਤ/ਝੂਠ ਪਾਏ ਜਾਣ ਦੀ ਸੂਰਤ ਵਿਚ, ਜੇਕਰ ਮੇਰੀ ਨਿਯੁਕਤੀ ਹੁੰਦੀ ਹੈ, ਤਾਂ ਰੱਦ/ਖਤਮ ਸਮਝੀ ਜਾਵੇ ਅਤੇ ਮੈਂ, ਭਾਰਤੀ ਦੰਡ ਵਿਧਾਨ (IPC) ਦੇ ਸਬੰਧਤ ਉਪਬੰਧਾਂ ਅਧੀਨ ਕਾਨੂੰਨੀ ਕਾਰਵਾਈ ਦਾ ਭਾਗੀ ਹੋਵਾਂਗਾ/ਹੋਵਾਂਗੀ।

ਸਥਾਨ:
ਮਿਤੀ:

(ਬਿਨੈਕਾਰ ਦੇ ਹਸਤਾਖਰ)